a2zpapers.com

**Exam. Code : 108102**
**Subject Code : 2434**

**BFA Semester—II**

**BASIC PUNJABI**

**(In lieu of Punjabi Compulsory)**

**Paper–VIII Opt.(ii)**

Time Allowed—3 Hours] [Maximum Marks—50

**ਨੋਟ :** ਇਸ ਪ੍ਰਸ਼ਨ ਪੱਤਰ ਦੇ **ਤਿੰਨ** ਯੂਨਿਟ ਹਨ। ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ। ਹਰ ਪ੍ਰਸ਼ਨ ਦੇ **5** ਅੰਕ ਹਨ।

## ਯੂਨਿਟ-I

1. ਸੰਯੁਕਤ ਸ਼ਬਦ ਦੀ ਪਰਿਭਾਸ਼ਾ ਲਿਖੋ ਅਤੇ ਪੰਜਾਬੀ ਦੇ **10** ਸੰਯੁਕਤ ਸ਼ਬਦਾਂ ਨੂੰ ਵਾਕ ਵਿੱਚ ਵਰਤੋ। 5

2. ਹੇਠ ਲਿਖੇ ਪਿਛੇਤਰ ਲਗਾ ਕੇ ਦੋ-ਦੋ ਸ਼ਬਦਾਂ ਦੀ ਸਿਰਜਣਾ ਕਰੋ :
   –ਲਾ, –ਅੱਲ, –ਲੂ, –ਜਨਮ, –ਦਾਈ, –ਵਾਨ, –ਆਨਾ, –ਆਕ, –ੜ, –ਵਾਂ। 5

3. ਦੁਰਹੁਕਤ ਸ਼ਬਦ ਦੀ ਪਰਿਭਾਸ਼ਾ ਲਿਖੋ ਅਤੇ ਪੰਜਾਬੀ ਦੇ **10** ਦੁਰਹੁਕਤ ਸ਼ਬਦਾਂ ਨੂੰ ਵਾਕ ਵਿੱਚ ਵਰਤੋ। 5

4. ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਸੰਖੇਪ ਵਿੱਚ ਲਿਖੋ :
   (ੳ) ਪੰਜਾਬ ਦੀਆਂ ਰੁੱਤਾਂ ਦੀ ਗਿਣਤੀ ਦੱਸੋ।
   (ਅ) ਸਾਲ ਵਿੱਚ ਕਿੰਨੇ ਮਹੀਨੇ ਹੁੰਦੇ ਹਨ, ਉਨ੍ਹਾਂ ਦੇ ਨਾਂ ਲਿਖੋ।
   (ੲ) ਪੰਜਾਹ ਤੋਂ ਲੈ ਕੇ ਸੱਠ ਤੱਕ ਗਿਣਤੀ ਲਿਖੋ।
   (ਸ) ਪੰਜਾਬ ਦੇ ਚਾਰ ਮੌਸਮਾਂ ਦਾ ਨਾਂ ਲਿਖੋ।
   (ਹ) ਹਫ਼ਤੇ ਦੇ ਕਿੰਨੇ ਦਿਨ ਹੁੰਦੇ ਹਨ ? 5



a2zpapers.com

a2zpapers.com

## ਯੂਨਿਟ-II

5. ਬਿਆਨੀਆ ਵਾਕ ਦੀ ਸੰਖੇਪ ਵਿੱਚ ਪਰਿਭਾਸ਼ਾ ਲਿਖੋ। ਪੰਜਾਬੀ ਦੇ 10 ਬਿਆਨੀਆ ਵਾਕ ਲਿਖੋ। 5

6. ਆਗਿਆਵਾਚਕ ਵਾਕ ਦੀ ਸੰਖੇਪ ਵਿੱਚ ਪਰਿਭਾਸ਼ਾ ਲਿਖੋ। ਪੰਜਾਬੀ ਦੇ 10 ਆਗਿਆਵਾਚਕ ਵਾਕ ਲਿਖੋ। 5

7. ਧਾਰਮਿਕ ਸਥਾਨ ਦੇ ਦਰਸ਼ਨ ਕਰਨ ਤੋਂ ਬਾਅਦ ਉਸ ਬਾਰੇ ਆਪਣੇ ਦੋਸਤ ਨੂੰ ਦੱਸਣ ਲਈ ਪੰਜ ਵਾਕ ਲਿਖੋ। 5

## ਯੂਨਿਟ-III

8. ਕਾਲਜ ਦੇ ਪ੍ਰਿੰਸੀਪਲ ਨੂੰ ਸੈਕਸ਼ਨ ਬਦਲਣ ਲਈ ਬਿਨੈ-ਪੱਤਰ ਲਿਖੋ।

**ਜਾਂ**

ਇਕ ਪੱਤਰ ਰਾਹੀਂ ਆਪਣੇ ਦੋਸਤ ਨੂੰ ਦਾਜ ਦੀ ਕੁਰੀਤੀ ਸਬੰਧੀ ਆਪਣੇ ਵਿਚਾਰ ਲਿਖੋ। 5

9. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਤੇ ਪੈਰਾ ਲਿਖੋ :

(ੳ) ਬੇਰੁਜ਼ਗਾਰੀ

(ਅ) ਸੰਜਮ

(ੲ) ਮਨਿ ਜੀਤੇ ਜਗੁ ਜੀਤ। 5

10. ਹੇਠ ਲਿਖੇ ਅਖਾਣਾਂ ਵਿਚੋਂ **ਪੰਜ** ਨੂੰ ਵਾਕਾਂ ਵਿੱਚ ਵਰਤੋ :

ਉਲਟੀ ਵਾੜ ਖੇਤ ਨੂੰ ਖਾਏ, ਸੌ ਸੁਨਿਆਰ ਦੀ ਇਕ ਲੁਹਾਰ ਦੀ, ਕਾਹਲੀ ਅੱਗੇ ਟੋਏ, ਖ਼ਵਾਜੇ ਦਾ ਗਵਾਹ ਡੱਡੂ, ਗੋਹੜੇ ਵਿਚੋਂ ਪੂਣੀ ਨਹੀਂ ਕੱਤੀ, ਛੋਟਾ ਮੂੰਹ ਤੇ ਵੱਡੀ ਗੱਲ, ਮੂੰਹ ਨਾ ਮੱਥਾ ਜਿੰਨ ਪਹਾੜੋਂ ਲੱਥਾ। 5



a2zpapers.com